# ਤੁਹਾਡੀ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲੈਨ

## ਸਹੀ ਯੋਜਨਾ ਅਤੇ ਨਿਵੇਸ਼ਾਂ ਦੀ ਚੋਣ ਕਰਨ ਵਿੱਚ ਤੁਹਾਡੀ ਸਹਾਇਤਾ ਕਰਨੀ



TD Canada Trust ਟੀ ਡੀ ਕੈਨੇਡਾ ਟਰੱਸਟ

# ਵਿਸ਼ਾ-ਸੂਚੀ

ਸਫ਼ਾ


ਭੂਮਿਕਾ....................................................... 1

ਤੁਹਾਡੇ ਬੱਚੇ ਦੇ ਸੁਪਨਿਆਂ ਨੂੰ ਇੱਕ ਅਸਲੀਅਤ ਬਣਾਉਣ ਵਿੱਚ ਅਸੀਂ ਤੁਹਾਡੀ ਸਹਾਇਤਾ ਕਰ ਸਕਦੇ ਹਾਂ.................. 1

1: ਬੱਚਤ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਸਰਕਾਰੀ ਗ੍ਰਾਂਟਾਂ.............................. 2

ਕੈਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ (ਸੀ ਈ ਐੱਸ ਜੀ – CESG) ... 2

ਪ੍ਰੋਵਿਨਸ਼ਲ ਗ੍ਰਾਂਟਾਂ....................................... 3

ਕੈਨੇਡਾ ਲਰਨਿੰਗ ਬਾਂਡ (ਸੀ ਐੱਲ ਬੀ – CLB) ................. 4

2: ਇੱਕ ਆਰ ਈ ਐੱਸ ਪੀ (RESP) ਬਨਾਮ ਇੱਕ ਗੈਰ-ਆਰ ਈ ਐੱਸ ਪੀ ਬੱਚਤ ਯੋਜਨਾ ਦੇ ਲਾਭ ........... 5

3: ਆਰ ਈ ਐੱਸ ਪੀਜ਼ ਦੀਆਂ ਕਿਸਮਾਂ ...................... 6

ਵਿਅਕਤੀਗੱਤ ਲਾਭ-ਪ੍ਰਾਪਤਕਰਤਾ ਯੋਜਨਾ (Individual Beneficiary Plan) .......................... 6

ਪਰਿਵਾਰਕ ਲਾਭ-ਪ੍ਰਾਪਤਕਰਤਾ ਯੋਜਨਾ (Family Beneficiary Plan) ............................. 6

4: ਪੋਸਟ-ਸੈਕੰਡਰੀ ਐਜੂਕੇਸ਼ਨ ਦੀ ਲਾਗਤ .................... 7

5: ਟੀ ਡੀ ਕੈਨੇਡਾ ਟਰੱਸਟ ਆਰ ਈ ਐੱਸ ਪੀ ਨਿਵੇਸ਼ ਹੱਲ.... 8

ਟੀ ਡੀ ਕੈਨੇਡਾ ਟਰੱਸਟ ਜੀ ਆਈ ਸੀਜ਼ (GICs) .............. 9

ਟੀ ਡੀ ਮਿਊਚਲ ਫੰਡਜ਼ .................................. 9

ਤੁਹਾਡੀ ਆਰ ਐੱਸ ਪੀ ਖੋਲ੍ਹਣ ਲਈ ਮਿਲਾਨ-ਸੂਚੀ (ਚੈੱਕਲਿਸਟ).. 10

6: ਆਮ ਪੁੱਛੇ ਜਾਂਦੇ ਸਵਾਲ................................ 11

7: ਆਰ ਈ ਐੱਸ ਪੀ ਦੀਆਂ ਕੁਝ ਸਹਾਈ ਪਰਿਭਾਸ਼ਾਵਾਂ...... 12


# ਭੂਮਿਕਾ

## ਤੁਹਾਡੇ ਬੱਚੇ ਦੇ ਸੁਪਨਿਆਂ ਨੂੰ ਇੱਕ ਅਸਲੀਅਤ ਬਣਾਉਣ ਵਿੱਚ ਅਸੀਂ ਤੁਹਾਡੀ ਸਹਾਇਤਾ ਕਰ ਸਕਦੇ ਹਾਂ



### ਤੁਹਾਡਾ ਬੱਚਾ ਕੀ ਬਣਨਾ ਚਾਹੁੰਦਾ ਹੈ? ਇੱਕ ਡਾਕਟਰ? ਇੱਕ ਅਧਿਆਪਕ? ਇੱਕ ਗਰਾਫਿਕ ਡਿਜ਼ਾਈਨਰ?

ਕੋਈ ਗੱਲ ਨਹੀਂ ਤੁਹਾਡੇ ਬੱਚੇ ਦੇ ਕੋਈ ਵੀ ਕੈਰੀਅਰ ਸੁਪਨੇ ਹੋਣ, ਪੋਸਟ-ਸੈਕੰਡਰੀ ਐਜੂਕੇਸ਼ਨ ਉਸ ਦੀ ਸਫ਼ਲਤਾ ਦੀਆਂ ਕੁੰਜੀਆਂ ਵਿੱਚੋਂ ਇੱਕ ਹੋ ਸਕਦੀ ਹੈ। ਹਾਲਾਂਕਿ, ਐਜੂਕੇਸ਼ਨ ਲਾਗਤਾਂ ਲਗਾਤਾਰ ਵੱਧ ਰਹੀਆਂ ਹਨ, ਅਤੇ ਇਹ ਸੁਨਿਸ਼ਚਿਤ ਕਰਨ ਲਈ ਕਿ ਤੁਹਾਡੇ ਬੱਚੇ ਦੀ ਸਿੱਖਿਆ ਲਈ ਤੁਸੀਂ ਸਮਰਥ ਹੋ, ਇੱਕ ਫਾਇਨੈਂਸ਼ਲ ਯੋਜਨਾ ਹੋਣੀ ਬਹੁਤ ਹੀ ਮਹੱਤਵਪੂਰਨ ਹੈ।

ਕਿਸੇ ਟੀ ਡੀ ਕੈਨੇਡਾ ਟਰੱਸਟ ਬ੍ਰਾਂਚ ਵਿੱਚ ਇੱਕ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲੈਨ (Registered Education Savings Plan - RESP) ਖੋਲ੍ਹਣਾ **ਤੁਹਾਡੀਆਂ ਐਜੂਕੇਸ਼ਨ ਬੱਚਤ ਨੂੰ ਵੱਧ ਤੋਂ ਵੱਧ ਕਰਨ ਲਈ ਚਾਰ ਤਰੀਕਿਆਂ** ਨਾਲ ਤੁਹਾਡੀ ਸਹਾਇਤਾ ਕਰ ਸਕਦਾ ਹੈ –

1. ਤੁਸੀਂ ਕੈਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ[1,2] (Canada Education Savings Grant - CESG) ਅਤੇ ਦੂਸਰੇ ਸਰਕਾਰੀ ਜਾਮਨੀ ਵਾਲੀਆਂ ਵਿੱਤੀ ਉਤਸ਼ਾਹ ਪ੍ਰਾਪਤ ਕਰ ਸਕਦੇ ਹੋ।
2. ਜਿਹੜਾ ਪੈਸਾ ਤੁਸੀਂ ਮਿਲਾਵੋਗੇ ਅਤੇ ਸੀ ਈ ਐੱਸ ਜੀ ਅਤੇ ਦੂਸਰੀਆਂ ਗ੍ਰਾਂਟਾਂ ਹਰ ਸਾਲ ਟੈਕਸ-ਮੁਲਤਵੀ ਆਧਾਰ ’ਤੇ ਵੱਧ ਸਕਦੀਆਂ ਹਨ, ਜਿਹੜੀਆਂ ਤੁਹਾਡੀਆਂ ਬੱਚਤਾਂ ਵਿੱਚ ਭਰਪੂਰ ਰੂਪ ਵਿੱਚ ਜਮ੍ਹਾਂ ਹੋ ਸਕਦੀਆਂ ਹਨ।
3. ਜਦੋਂ ਗ੍ਰਾਂਟਾਂ ਅਤੇ ਪੈਸੇ ਨਾਲ ਤੁਹਾਡੇ ਨਿਵੇਸਾਂ ਦੀ ਕਮਾਈ ਵਿਦਿਅਕ ਮੰਤਵਾਂ ਲਈ ਕਢਵਾਈ ਜਾਂਦੀ ਹੈ, ਇਸ ’ਤੇ ਵਿਦਿਆਰਥੀ ਦੀ ਟੈਕਸ ਦਰ ਨਾਲ ਟੈਕਸ ਲਾਇਆ ਜਾਂਦਾ ਹੈ, ਜਿਹੜਾ ਵਿਲੱਖਣ ਤੌਰ ਤੇ ਬਹੁਤ ਘੱਟ ਹੁੰਦਾ ਹੈ।
4. ਤੁਹਾਡੇ ਪੈਸੇ ਦੇ ਵਾਧੇ ਵਿੱਚ ਸਹਾਇਤਾ ਕਰਨ ਲਈ ਤੁਸੀਂ ਨਿਵੇਸ਼ਾਂ ਦੇ ਇੱਕ ਵੱਡੇ ਦਾਇਰੇ ’ਚੋਂ ਚੋਣ ਕਰ ਸਕਦੇ ਹੋ।

ਕਿਸੇ ਆਰ ਈ ਐੱਸ ਪੀ ਵਿੱਚ ਤੁਹਾਡੇ ਵੱਲੋਂ ਬਤੌਰ ਲਾਭ-ਪ੍ਰਾਪਤਕਰਤਾ ਨਾਮਜ਼ਦ ਪ੍ਰਤੀ ਬੱਚੇ ਵਾਸਤੇ ਤੁਸੀਂ ਪ੍ਰਤੀ ਸਾਲ ਵੱਧ ਤੋਂ ਵੱਧ $50,000 ਤਕ ਦਾ ਯੋਗਦਾਨ ਪਾ ਸਕਦੇ ਹੋ। ਤੁਹਾਨੂੰ ਮਿਲੀਆਂ ਕੋਈ ਵੀ ਸਰਕਾਰੀ ਗ੍ਰਾਂਟਾਂ ਇਸ ਵਿੱਚ ਜਮ੍ਹਾਂ ਕਰ ਦਿੱਤੀਆਂ ਜਾਂਦੀਆਂ ਹਨ, ਅਤੇ ਉਹ ਤੁਹਾਡੀ ਯੋਗਦਾਨ ਹੱਦ (ਲਿਮਿਟ) ਦਾ ਹਿੱਸਾ ਨਹੀਂ ਗਿਣਿਆਂ ਜਾਂਦੀਆਂ।

ਸਾਡੀਆਂ ਆਰ ਈ ਐੱਸ ਪੀਜ਼ ਦਾ ਇੱਕ ਹੋਰ ਲਾਭ ਇਹ ਹੁੰਦਾ ਹੈ ਕਿ ਇਨ੍ਹਾਂ ਦੀਆਂ ਕੋਈ ਖਾਤਾ ਫੀਸਾਂ ਨਹੀਂ ਹੁੰਦੀਆਂ। ਇਸ ਦਾ ਮਤਲਬ ਹੈ ਕਿ ਤੁਹਾਡਾ ਸਾਰਾ ਪੈਸਾ ਇੱਕ ਦਮ ਤੁਹਾਡੀਆਂ ਬੱਚਤਾਂ ਵੱਲ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ।

**ਅਸੀਂ ਹਰ ਸਾਲ $500 ਤਕ ਜਾਂ ਜ਼ਿਆਦਾ ਸਰਕਾਰੀ ਗ੍ਰਾਂਟਾਂ ਲੈਣ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਾਂ ਜਦੋਂ ਤੁਸੀਂ ਇੱਕ ਟੀ ਡੀ ਕੈਨੇਡਾ ਟਰੱਸਟ ਬ੍ਰਾਂਚ ਵਿੱਚ ਇੱਕ ਆਰ ਈ ਐੱਸ ਪੀ ਖੋਲ੍ਹ ਲੈਂਦੇ ਹੋ।**

# 1: ਬੱਚਤ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਸਰਕਾਰੀ ਗ੍ਰਾਂਟਾਂ

## ਕੈਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ (Canada Education Savings Grant)

ਇੱਕ ਆਰ ਈ ਐੱਸ ਪੀ ਦਾ ਸਭ ਤੋਂ ਵੱਡਾ ਲਾਭ ਕੈਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ (CESG) ਹੁੰਦਾ ਹੈ। ਇਹ ਫੈਡਰਲ ਸਰਕਾਰ ਦੀ ਗ੍ਰਾਂਟ ਹੁੰਦੀ ਹੈ ਜਿਹੜੀ ਸਿੱਧੀ ਤੁਹਾਡੀ ਆਰ ਈ ਐੱਸ ਪੀ ਵਿੱਚ ਜਮ੍ਹਾਂ ਕਰਾਈ ਜਾਂਦੀ ਹੈ, ਅਤੇ ਤੁਹਾਡੀਆਂ ਬੱਚਤਾਂ ਨੂੰ 20% ਜਾਂ ਜ਼ਿਆਦਾ ਤਕ ਵੱਧਾ ਸਕਦੀ ਹੈ।



### ਬੁਨਿਆਦੀ ਸੀ ਈ ਐੱਸ ਜੀ

ਬੁਨਿਆਦੀ ਸੀ ਈ ਐੱਸ ਜੀ ਸਾਲਾਨਾ ਆਰ ਈ ਐੱਸ ਪੀ ਵਿੱਚ ਪ੍ਰਤੀ ਲਾਭ-ਪ੍ਰਾਪਤਕਰਤਾ ਪਹਿਲੇ $2,500 ਦੇ ਯੋਗਦਾਨਾਂ ਦਾ 20% ਹੁੰਦਾ ਹੈ। ਭਾਵ ਹਰ ਸਾਲ $500 ਪ੍ਰਤੀ ਲਾਭਪ੍ਰਾਪਤਕਰਤਾ ਤੋਂ ਉਮਰਭਰ ਲਈ $7,200 ਦੀ ਹੱਦ ਤਕ – ਫੈਡਰਲ ਸਰਕਾਰ ਵਲੋਂ ਮੁਫਤ।

16 ਅਤੇ 17 ਸਾਲ ਦੇ ਬੱਚਿਆਂ ਵਲੋਂ ਪਾਏ ਯੋਗਦਾਨਾਂ 'ਤੇ ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ।

### ਤੁਹਾਡੀ ਸੀ ਈ ਐੱਸ ਜੀ ਨੂੰ ਵੱਧ ਤੋਂ ਵੱਧ ਕਰਨ ਦੇ ਦੋ ਤਰੀਕੇ

1. ਜੇਕਰ ਤੁਸੀਂ ਕਿਸੇ ਸਾਲ ਵਿੱਚ ਬੁਨਿਆਦੀ ਸੀ ਈ ਐੱਸ ਜੀ ਲਈ ਪੂਰੇ $500 ਲਈ ਯੋਗ ਹੋਣ ਲਈ ਕਾਫੀ ਯੋਗਦਾਨ ਨਹੀਂ ਪਾਉਂਦੇ, ਸੀ ਈ ਐੱਸ ਜੀ ਦਾ ਅਨਵਰਤਿਆ ਭਾਗ ਅੱਗੇ ਲੈ ਜਾਇਆ ਜਾ ਸਕਦਾ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਪ੍ਰਾਪਤ ਹੋ ਸਕਦਾ ਹੈ।
2. ਤੁਹਾਡੇ ਬੱਚੇ ਦੇ ਜਨਮ ਤੋਂ ਲੈ ਕੇ ਤੁਸੀਂ ਹਰ ਸਾਲ ਯੋਗ ਗ੍ਰਾਂਟ ਲੈਣ ਦੀ ਗੁੰਜਾਇਸ਼ ਦੇ ਹੱਕਦਾਰ ਹੋ ਸਕਦੇ ਹੋ – 1998 ਤੋਂ 2006 ਤਕ $400/ਸਾਲ ਅਤੇ 2007 ਤੇ ਉਸ ਤੋਂ ਬਾਅਦ $500/ਸਾਲ।





### ਵਾਧੂ ਸੀ ਈ ਐੱਸ ਜੀ (CESG)[2]

ਵਾਧੂ ਸੀ ਈ ਐੱਸ ਜੀ 2005 ਵਿੱਚ ਉਨ੍ਹਾਂ ਪਰਿਵਾਰਾਂ ਨੂੰ ਜ਼ਿਆਦਾ ਸਹਾਇਤਾ ਦੇਣ ਲਈ ਪੇਸ਼ ਕੀਤੀ ਗਈ ਸੀ, ਜਿਹੜੇ ਨਿਰੋਲ ਪਰਿਵਾਰਕ ਆਮਦਨ ਦੇ ਆਧਾਰ 'ਤੇ ਯੋਗ ਹੁੰਦੇ ਹਨ। ਵਾਧੂ ਸੀ ਈ ਐੱਸ ਜੀ ਨਾਲ ਤੁਸੀਂ ਸੀ ਈ ਐੱਸ ਜੀ ਦੀ ਜੀਵਨਕਾਲ ਹੱਦ 'ਤੇ ਪਹਿਲਾਂ ਜਾਂ ਉਨ੍ਹਾਂ ਯੋਗਦਾਨ ਪਾਏ ਬਿਨਾਂ ਹੀ $7,200 'ਤੇ ਪਹੁੰਚ ਸਕਦੇ ਹੋ। ਬੁਨਿਆਦੀ ਸੀ ਈ ਐੱਸ ਜੀ ਦੇ ਉਲਟ, ਤੁਸੀਂ ਅਨਵਰਤੀ ਵਾਧੂ ਸੀ ਈ ਐੱਸ ਜੀ ਅੱਗੇ ਨਹੀਂ ਲੈ ਜਾ ਸਕਦੇ।

**ਬੁਨਿਆਦੀ ਅਤੇ ਵਾਧੂ ਸੀ ਈ ਐੱਸ ਜੀ ਦਾ ਸਾਰਾਂਸ਼**

| ਪਰਿਵਾਰ ਦੀ ਨਿਰੋਲ ਆਮਦਨ* | ਪਹਿਲੇ $500 (ਜਾਂ ਘੱਟ) ਦੇ ਯੋਗਦਾਨ/ਸਾਲ 'ਤੇ ਸੀ ਈ ਐੱਸ ਜੀ ਦਰ | $500/ਸਾਲ ਤੋਂ ਉਪਰ ਯੋਗਦਾਨ 'ਤੇ ਸੀ ਈ ਐੱਸ ਜੀ ਦਰ |
|---|---|---|
| $37,178 ਤੋਂ ਘੱਟ | 20% ਬੁਨਿਆਦੀ + 20% ਵਾਧੂ | 20% ਬੁਨਿਆਦੀ |
| $37,178 ਤੋਂ $74,357 ਤਕ | 20% ਬੁਨਿਆਦੀ + 10% ਵਾਧੂ | 20% ਬੁਨਿਆਦੀ |
| $74,357 ਤੋਂ ਉਪਰ | 20% ਬੁਨਿਆਦੀ | 20% ਬੁਨਿਆਦੀ |

* ਅੰਕੜੇ ਸਾਲ ਦੇ ਸਾਲ ਬਦਲ ਸਕਦੇ ਹਨ

## ਪ੍ਰੋਵਿਨਸ਼ਲ ਗ੍ਰਾਂਟਾਂ[2]

ਯੋਗਤਾਵਾਂ ਦੇ ਅਧੀਨ, ਅੱਲਬਰਟਾ ਸੈਂਟੇਨੀਅਲ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ (Alberta Centennial Education Savings Grant) ਅੱਲਬਰਟਾ ਦੇ ਵਸਨੀਕਾਂ ਦੇ ਬੱਚਿਆਂ ਜਾਂ ਗੋਦ ਲਏ ਬੱਚੇ ਲਈ ਇੱਕ ਆਰ ਈ ਐੱਸ ਪੀ ਵਿੱਚ $800 ਤਕ ਜਮ੍ਹਾਂ ਹੋ ਸਕਦੀ ਹੈ।

ਬਹੁਤ ਸਾਰੇ ਦੂਸਰੇ ਸੂਬੇ ਉਨ੍ਹਾਂ ਬੱਚਿਆਂ ਲਈ ਜਿਹੜੇ ਉਨ੍ਹਾਂ ਸੂਬਿਆਂ ਦੇ ਵਸਨੀਕ ਹਨ ਵਾਸਤੇ ਵਾਧੂ ਗ੍ਰਾਂਟਾਂ ਬਾਰੇ ਵਿਚਾਰਾਂ ਕਰ ਰਹੇ ਹਨ।



## ਕੈਨੇਡਾ ਲਰਨਿੰਗ ਬਾਂਡ[2]

ਕੈਨੇਡਾ ਲਰਨਿੰਗ ਬਾਂਡ (Canada Learning Bond - CLB) ਉਨ੍ਹਾਂ ਬੱਚਿਆਂ ਲਈ ਉਪਲਬਧ ਹੈ, ਜਿਹੜੇ ਜਨਵਰੀ 1, 2004 ਨੂੰ ਜਾਂ ਇਸ ਤੋਂ ਬਾਅਦ ਜਨਮੇ ਹਨ, ਜਿੰਨ੍ਹਾਂ ਦੇ ਪਰਿਵਾਰ ਨੈਸ਼ਨਲ ਚਾਈਲਡ ਬੈਨੀਫਿਟ ਸਪਲੀਮੈਂਟ (National Child Benefit Supplement) ਪ੍ਰਾਪਤ ਕਰਨ ਦੇ ਯੋਗ ਹਨ। ਸੀ ਐੱਲ ਬੀ ਤੁਹਾਡੀ ਆਰ ਈ ਐੱਸ ਪੀ ਪ੍ਰਤੀ ਬੱਚਾ $2,000 ਤਕ ਜਮ੍ਹਾਂ ਹੋ ਸਕਦਾ ਹੈ। ਤੁਸੀਂ ਇੱਕ ਆਰ ਈ ਐੱਸ ਪੀ ਜ਼ਰੂਰ ਖੋਲ੍ਹੋ ਪਰ ਤੁਹਾਨੂੰ ਸੀ ਐੱਲ ਬੀ ਪ੍ਰਾਪਤ ਕਰਨ ਲਈ ਕੋਈ ਯੋਗਦਾਨ ਨਹੀਂ ਪਾਉਣਾ ਪਏਗਾ।

| ਆਰ ਈ ਐੱਸ ਪੀਜ਼ ਅਤੇ ਸਰਕਾਰੀ ਗ੍ਰਾਂਟਾਂ ਬਾਰੇ ਉਡਦੀ ਝਾਤ ਵਾਲੇ ਤੱਥ | |
|---|---|
| ਵੱਧ ਤੋਂ ਵੱਧ ਜੀਵਨ ਕਾਲ ਯੋਗਦਾਨ | **$50,000 ਪ੍ਰਤੀ ਲਾਭ-ਪ੍ਰਾਪਤਕਰਤਾ** |
| ਵੱਧ ਤੋਂ ਵੱਧ ਸਾਲਾਨਾ ਬੁਨਿਆਦੀ ਸੀ ਈ ਐੱਸ ਜੀ | **$500 ਪ੍ਰਤੀ ਲਾਭ-ਪ੍ਰਾਪਤਕਰਤਾ ਪ੍ਰਤੀ ਸਾਲ** |
| ਵੱਧ ਤੋਂ ਵੱਧ ਸਾਲਾਨਾ ਵਾਧੂ ਸੀ ਈ ਐੱਸ ਜੀ | **$50 ਜਾਂ $100 ਪ੍ਰਤੀ ਲਾਭ-ਪ੍ਰਾਪਤਕਰਤਾ ਪ੍ਰਤੀ ਸਾਲ** |
| ਵੱਧ ਤੋਂ ਵੱਧ ਜੀਵਨ ਕਾਲ ਸੀ ਈ ਐੱਸ ਜੀ | **$7,200 ਪ੍ਰਤੀ ਲਾਭ-ਪ੍ਰਾਪਤਕਰਤਾ** |
| ਵੱਧ ਤੋਂ ਵੱਧ ਜੀਵਨ ਕਾਲ ਅੱਲਬਰਟਾ ਸੈਂਟੇਨੀਅਲ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ | **$800 ਪ੍ਰਤੀ ਲਾਭ-ਪ੍ਰਾਪਤਕਰਤਾ** |
| ਵੱਧ ਤੋਂ ਵੱਧ ਜੀਵਨ ਕਾਲ ਕੈਨੇਡਾ ਲਰਨਿੰਗ ਬਾਂਡ | **$2,000 ਪ੍ਰਤੀ ਲਾਭ-ਪ੍ਰਾਪਤਕਰਤਾ** |

ਸ਼ਰਤਾਂ ਸਭ ਗ੍ਰਾਂਟਾਂ 'ਤੇ ਲਾਗੂ ਹੁੰਦੀਆਂ ਹਨ। ਕਿਰਪਾ ਕਰਕੇ ਵਿਸਤਾਰ ਲਈ ਸਾਨੂੰ ਪੁੱਛੋ।



# 2: ਇੱਕ ਆਰ ਈ ਐੱਸ ਪੀ (RESP) ਬਨਾਮ ਇੱਕ ਗੈਰ-ਆਰ ਈ ਐੱਸ ਪੀ ਬੱਚਤ ਯੋਜਨਾ ਦੇ ਲਾਭ

ਲੀਜ਼ ਨੇ ਆਪਣੀ ਬੇਟੀ ਕੈਰਨ ਲਈ ਇੱਕ ਆਰ ਈ ਐੱਸ ਪੀ ਵਿੱਚ $208.33 ਮਹੀਨਾਵਾਰ ਦਾ ਯੋਗਦਾਨ 18 ਸਾਲ ਲਈ ਪਾਇਆ ਅਤੇ ਸੀ ਈ ਐੱਸ ਜੀ ਦਾ ਵੀ ਪੂਰਾ ਲਾਭ ਲਿਆ।





ਥਾਮਸਨਜ਼ ਨੇ ਆਪਣੇ ਬੇਟੇ ਬਰਾਇਨ ਲਈ 18 ਸਾਲ ਲਈ ਉਹ ਹੀ $208.33 ਮਹੀਨਾਵਾਰ ਯੋਗਦਾਨ ਆਰ ਈ ਐੱਸ ਪੀ ਤੋਂ ਬਾਹਰ ਪਾਇਆ।




**ਫਰਕ ਨਾਟਕੀ ਹਨ:** ਜਦੋਂ ਲੀਅ ਪਰਿਵਾਰ ਕੁੱਲ $114,970 ਬਚਾਉਂਦਾ ਹੈ, ਥਾਮਸਨਜ਼ ਕੇਵਲ $70,806 ਹੀ ਬਚਾਉਣ ਦਾ ਪ੍ਰਬੰਧ ਕਰ ਸਕੇ ਹਨ।[3]

ਇਹ ਹੀ ਲਾਭ ਹੈ ਇੱਕ ਆਰ ਈ ਐੱਸ ਪੀ ਦਾ: ਇਹ ਤੁਹਾਨੂੰ ਸੀ ਈ ਐੱਸ ਜੀ ਅਤੇ ਟੈਕਸ-ਮੁਲਤਵੀ ਨਿਵੇਸ਼ ਦੀ ਸੰਯੁਕਤ ਸ਼ਕਤੀ ਦਿੰਦੀ ਹੈ। ਇਨ੍ਹਾਂ ਦਾ ਤੁਹਾਡੇ ਲਈ ਕਾਰਜ ਕਰਨਾ, ਇਥੋਂ ਤਕ ਕਿ ਨਿਰੰਤਰ ਨਿਵੇਸ਼ ਕੀਤੀਆਂ ਛੋਟੀਆਂ ਰਾਸ਼ੀਆਂ ਕੁਝ ਸਮੇਂ ਪਿੱਛੋਂ ਵੱਧ ਕੇ ਇੱਕ ਮਹੱਤਵਪੂਰਨ ਰਾਸ਼ੀ ਬਣ ਸਕਦੀਆਂ ਹਨ।

ਮਾਨਤਾਵਾਂ –

- 18 ਸਾਲ ਲਈ $208.33 ਪ੍ਰਤੀ ਮਹੀਨਾ ਯੋਗਦਾਨ
- 8%* ਲਾਭ ਦੀ ਸਾਲਾਨਾ ਪ੍ਰਭਾਵੀ ਦਰ
- ਵੱਧ ਤੋਂ ਵੱਧ $500 ਪ੍ਰਤੀ ਲਾਭ-ਪ੍ਰਾਪਤਕਰਤਾ, ਪ੍ਰਤੀ ਸਾਲ ਲਈ ਮਹੀਨਾਵਾਰ ਸੀ ਈ ਐੱਸ ਜੀ ਦਾ 20% ਦਾ ਯੋਗਦਾਨ
- 40% ਦੀ ਸੀਮਾਂਤ ਟੈਕਸ ਦਰ

* ਮਿਸ਼ਰਤ ਵਾਧਾ ਦਰ ਦੇ ਪ੍ਰਭਾਵ ਨੂੰ ਸਪਸ਼ਟ ਕਰਨ ਲਈ ਦਰਸਾਏ ਲਾਭ ਦਰ ਵਰਤੇ ਗਏ ਹਨ, ਅਤੇ ਕਿਸੇ ਨਿਵੇਸ਼ ਦੇ ਭਵਿੱਖ ਦੇ ਮੁੱਲਾਂ ਜਾਂ ਨਿਵੇਸ਼ਾਂ 'ਤੇ ਲਾਭ ਦਰਸਾਉਣ ਦੀ ਮਨਸ਼ਾ ਨਹੀਂ ਹੈ।

# 3: ਆਰ ਈ ਐੱਸ ਪੀਜ਼ ਦੀਆਂ ਕਿਸਮਾਂ



ਤੁਸੀਂ ਇੱਕ ਬੱਚੇ ਵਾਸਤੇ ਵਿਅਕਤੀਗੱਤ ਲਾਭ-ਪ੍ਰਾਪਤਕਰਤਾ ਯੋਜਨਾ (Individual Beneficiary Plan) ਖੋਲ੍ਹ ਸਕਦੇ ਹੋ, ਜਾਂ ਯੋਗਦਾਨ ਪਾਉਣ ਵਾਲੇ ਦੇ ਆਪਣੇ ਜਨਮ ਦਿੱਤੇ ਬੱਚੇ ਜਾਂ ਗੋਦ ਲਏ ਵਾਸਤੇ ਇੱਕ ਪਰਿਵਾਰਕ ਲਾਭ-ਪ੍ਰਾਪਤਕਰਤਾ ਯੋਜਨਾ (Family Beneficiary Plan)। ਜਿਵੇਂ ਅਸੀਂ ਨੀਚੇ ਵਰਨਣ ਕੀਤਾ ਹੈ, ਇਨ੍ਹਾਂ ਯੋਜਨਾਵਾਂ ਵਿਚੋਂ ਹਰੇਕ ਯੋਜਨਾ ਦੇ ਵਿਲੱਖਣ ਲੱਛਣ ਅਤੇ ਲਾਭ ਹਨ। ਕਿਹੜੀ ਯੋਜਨਾ ਤੁਹਾਡੇ ਲਈ ਵਧੀਆ ਹੈ ਨਿਰਧਾਰਤ ਕਰਨ ਲਈ ਅਸੀਂ ਤੁਹਾਡੀ ਸਹਾਇਤਾ ਕਰ ਸਕਦੇ ਹਾਂ।

| | ਵਿਅਕਤੀਗੱਤ ਲਾਭ-ਪ੍ਰਾਪਤਕਰਤਾ ਯੋਜਨਾ | ਪਰਿਵਾਰਕ ਲਾਭ-ਪ੍ਰਾਪਤਕਰਤਾ ਯੋਜਨਾ |
|---|---|---|
| ਲਾਭ-ਪ੍ਰਾਪਤਕਰਤਾਵਾਂ ਦੀ ਗਿਣਤੀ | 1 | 1 ਜਾਂ ਜ਼ਿਆਦਾ |
| ਯੋਗਦਾਨ ਪਾਉਣ ਵਾਲੇ ਨਾਲ ਲਾਭ-ਪ੍ਰਾਪਤਕਰਤਾ ਦਾ ਸੰਬੰਧ | ਸੰਬੰਧ ਦੀ ਕੋਈ ਸ਼ਰਤ ਨਹੀਂ | ਜਨਮ ਜਾਂ ਗੋਦ ਲਏ ਵੱਜੋਂ ਸੰਬੰਧਤ ਜ਼ਰੂਰ ਹੋਵੇ |
| ਕੌਣ ਯੋਜਨਾ ਖੋਲ੍ਹ ਸਕਦਾ ਹੈ | ਕੋਈ ਵੀ – ਚਾਚੀ, ਚਾਚਾ, ਦੋਸਤ, ਅਤੇ ਪਰਿਵਾਰ | ਮਾਪੇ, ਦਾਦਾ/ਦਾਦੀ ਅਤੇ ਇੱਕੋ ਮਾਂ ਬਾਪ ਦੇ ਬੱਚੇ |
| ਸੰਪਤੀ ਦੀ ਵੰਡਾਈ | ਲਾਗੂ ਨਹੀਂ ਹੁੰਦਾ | ਇੱਕ ਲਾਭ-ਪ੍ਰਾਪਤਕਰਤਾ ਵੱਲੋਂ ਨਾ ਵਰਤੇ ਗਏ ਫੰਡਾਂ ਨੂੰ ਯੋਜਨਾ ਵਿੱਚ ਕਿਸੇ ਦੂਸਰੇ ਲਾਭ-ਪ੍ਰਾਪਤਕਰਤਾ ਵੱਲ ਨਿਰਦੇਸ਼ਤ ਕੀਤਾ ਜਾ ਸਕਦਾ ਹੈ (ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ) |
| ਸਰਕਾਰੀ ਗ੍ਰਾਂਟਾਂ | ਸਭ ਗ੍ਰਾਂਟਾਂ ਉਪਲਬਧ ਹਨ | ਸਭ ਗ੍ਰਾਂਟਾਂ ਉਪਲਬਧ ਹਨ ਜੇ ਸਾਰੇ ਲਾਭ-ਪ੍ਰਾਪਤਕਰਤਾ ਇੱਕੋ ਮਾਂ ਬਾਪ ਦੇ ਬੱਚੇ ਹਨ (ਗੈਰ ਮਾਂ ਬਾਪ ਦੇ ਬੱਚਿਆਂ ਦੀਆਂ ਯੋਜਨਾਵਾਂ ਕੇਵਲ ਬੁਨਿਆਦੀ ਸੀ ਈ ਐੱਸ ਜੀ ਵਾਸਤੇ ਯੋਗ ਹਨ) |



# 4: ਪੋਸਟ-ਸੈਕੰਡਰੀ ਐਜੂਕੇਸ਼ਨ ਦੀ ਲਾਗਤ

## ਤੁਹਾਨੂੰ ਤਿਆਰ ਹੋਣ ਵਿੱਚ ਸਹਾਇਤਾ ਕਰਨ ਲਈ ਅਸੀਂ ਅਨੁਮਾਨਤ ਲਾਗਤਾਂ ਮੁਹੱਈਆ ਕੀਤੀਆਂ ਹਨ

ਹੇਠਲਾ ਚਿੱਤਰ ਇੱਕ ਪੋਸਟ-ਸੈਕੰਡਰੀ ਐਜੂਕੇਸ਼ਨ ਦੀ ਅਨੁਮਾਨਤ ਰੂਪਰੇਖਾ ਖਿੱਚਦਾ ਹੈ ਜਦੋਂ: **(ਏ)** ਇੱਕ ਵਿਦਿਆਰਥੀ ਘਰ ਰਹਿੰਦਾ ਹੈ; ਅਤੇ **(ਬੀ)** ਇੱਕ ਵਿਦਿਆਰਥੀ ਘਰ ਤੋਂ ਬਾਹਰ ਰਹਿੰਦਾ ਹੈ। ਮਹੀਨਾਵਾਰ ਜਾਂ ਸਾਲਾਨਾ ਆਧਾਰ ਤੇ ਤੁਹਾਨੂੰ ਕਿੰਨੀ ਬੱਚਤ ਕਰਨ ਦੀ ਲੋੜ ਹੋਵੇਗੀ ਗਣਨਾ ਕਰਨ ਵਿੱਚ ਅਸੀਂ ਤੁਹਾਡੀ ਸਹਾਇਤਾ ਕਰ ਸਕਦੇ ਹਾਂ ਤਾਂ ਜੋ ਤੁਸੀਂ ਤਿਆਰ ਹੋਵੋਗੇ ਜਦੋਂ ਤੁਹਾਡਾ ਬੱਚਾ ਕਾਲਜ ਜਾਂ ਯੂਨੀਵਰਸਿਟੀ ਸ਼ੁਰੂ ਕਰਦਾ ਹੈ।

**ਚਾਰ ਸਾਲਾ ਕਾਲਜ ਜਾਂ ਯੂਨੀਵਰਸਿਟੀ ਪ੍ਰੋਗਰਾਮ ਦੀ ਅਨੁਮਾਨਤ ਲਾਗਤ**




**ਸਰੋਤ:** ਹਿਊਮਨ ਰਿਸੋਰਸਿਜ਼ ਅਤੇ ਸਕਿੱਲ ਡਿਵੈਲਪੈਂਟ ਕੈਨੇਡਾ (HRSDC) 2003

ਮਾਨਤਾਵਾਂ –

- ਘਰ ਵਿੱਚ ਰਹਿੰਦੇ ਇੱਕ ਵਿਦਿਆਰਥੀ ਦੀ ਇੱਕ ਸਾਲ ਦੀ ਔਸਤ ਐਜੂਕੇਸ਼ਨ ਲਾਗਤ $4,000, ਅਤੇ ਘਰ ਤੋਂ ਬਾਹਰ ਰਹਿੰਦੇ ਇੱਕ ਵਿਦਿਆਰਥੀ ਦੀ ਇੱਕ ਸਾਲ ਦੀ $10,000
- ਔਸਤ ਐਜੂਕੇਸ਼ਨ ਲਾਗਤ ਵਿੱਚ ਸਮੇਤ ਮੁਦਰਾ ਫੈਲਾ ਦੇ 5% ਸਾਲਾਨਾ ਵਾਧਾ
- ਔਸਤ ਲਾਗਤ ਜਿਵੇਂ 2003 ਦੀ

### ਬੱਚਤ ਕਰਨ ਨੂੰ ਸੁਖਾਲਾ ਬਣਾਉਣਾ

ਤੁਹਾਡੀ ਆਰ ਈ ਐੱਸ ਪੀ ਉਸਾਰਨ ਲਈ ਇਨ੍ਹਾਂ ਦੋ ਸਾਦੇ ਨਿਯਮਾਂ 'ਤੇ ਚੱਲਦਿਆਂ ਇਸ ਨੂੰ ਬਹੁਤ ਸੁਖਾਲਾ ਬਣਾਇਆ ਜਾ ਸਕਦਾ ਹੈ:

1. ਛੇਤੀ ਸ਼ੁਰੂ ਕਰ ਦਿਓ। ਜਿੰਨੀ ਛੇਤੀ ਤੁਸੀਂ ਸ਼ੁਰੂ ਕਰਦੇ ਹੋ, ਉਨਾਂ ਹੀ ਜ਼ਿਆਦਾ ਸਮਾਂ ਤੁਹਾਡੇ ਪੈਸੇ ਨੂੰ ਵਧਣ ਲਈ ਮਿਲਦਾ ਹੈ
2. ਲਗਾਤਾਰ ਆਧਾਰ 'ਤੇ ਬੱਚਤ ਕਰੋ। ਸਾਲ ਵਿੱਚ ਇੱਕੋ ਵਾਰੀ ਵੱਡੀ ਰਾਸ਼ੀ ਪੈਦਾ ਕਰਨ ਨਾਲੋਂ ਹਰ ਮਹੀਨੇ ਇੱਕ ਛੋਟੀ ਜਿਹੀ ਰਾਸ਼ੀ ਨੂੰ ਬਜਟ ਕਰਨਾ ਬਹੁਤ ਹੀ ਸੁਖਾਲਾ ਹੈ। ਸਾਡੀਆਂ ਸੌਖੀਆਂ ਸਵੈ-ਚਲਿੱਤ ਬੱਚਤ ਯੋਜਨਾਵਾਂ ਇੱਕ ਵੱਡੀ ਸਹਾਇਤਾ ਦੇ ਸਕਦੀਆਂ ਹਨ।

# 5: ਟੀ ਡੀ ਕੈਨੇਡਾ ਟਰੱਸਟ ਆਰ ਈ ਐੱਸ ਪੀ ਨਿਵੇਸ਼ ਹੱਲ

ਇੱਕ ਲਚਕਦਾਰ, ਸੌਖਾ ਖਾਤਾ ਜਿਸ ਕਿਸਮ ਦਾ ਨਿਵੇਸ਼ ਤੁਸੀਂ ਕਰਨਾ ਚਾਹੁੰਦੇ ਹੋ ਚੁਣਨ ਵਿੱਚ ਅਸੀਂ ਤੁਹਾਡੀ ਸਹਾਇਤਾ ਕਰ ਸਕਦੇ ਹਾਂ –

1. ਟੀ ਡੀ ਕੈਨੇਡਾ ਟਰੱਸਟ ਐਜੂਕੇਸ਼ਨ ਸੇਵਿੰਗਜ਼ ਪਲੈਨ[4] (TD Canada Trust Education Savings Plan-RESP)
2. ਟੀ ਡੀ ਮਿਊਚੱਲ ਫੰਡਜ਼ ਐਜੂਕੇਸ਼ਨ ਸੇਵਿੰਗਜ਼ ਪਲੈਨ[5] (TD Mutual Funds Education Savings Plan-RESP)

**ਨਿਵੇਸ਼ ਚੋਣਾਂ**

| ਯੋਜਨਾ ਲੱਛਣ | ਟੀ ਡੀ ਕੈਨੇਡਾ ਟਰੱਸਟ ਆਰ ਈ ਐੱਸ ਪੀ | ਟੀ ਡੀ ਮਿਊਚਲ ਫੰਡਜ਼ ਆਰ ਈ ਐੱਸ ਪੀ |
|---|---|---|
| ਬੁਨਿਆਦੀ ਕੈਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ (ਸੀ ਈ ਐੱਸ ਜੀ) | ✔ | ✔ |
| ਵਾਧੂ ਸੀ ਈ ਐੱਸ ਜੀ | ✔ | – |
| ਕੈਨੇਡਾ ਲਰਨਿੰਗ ਬਾਂਡ (ਸੀ ਐੱਲ ਬੀ) | ✔ | – |
| ਅੱਲਬਰਟਾ ਸੈਂਟੇਨੀਅਲ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ (ਏ ਸੀ ਈ ਐੱਸ) | ✔ | – |
| ਮੈਂ ਸੁਰਤੀਆ ਮੂਲ ਅਤੇ ਵਿਆਜ ਲਈ ਜੀ ਆਈ ਸੀਜ਼ ਰੱਖਣੀ ਚਾਹੁੰਦਾ ਹਾਂ | ✔ | – |
| ਸਥਿਰ-ਕਾਲ ਉਪਲਬਧ ਨਿਵੇਸ਼ਾਂ ਨਾਲੋਂ ਮੈਂ ਸੰਭਾਵੀ ਤੌਰ 'ਤੇ ਇੱਕ ਉਚੇਰਾ ਲਾਭ ਕਮਾਉਣ ਦਾ ਮੌਕਾ ਚਾਹੁੰਦਾ ਹਾਂ | – | ✔ |
| ਮੈਂ ਮਿਊਚਲ ਫੰਡਾਂ ਵਿੱਚ ਨਿਵੇਸ਼ ਕਰਨਾ ਚਾਹੁੰਦਾ ਹਾਂ | – | ✔ |

ਨਿਵੇਸ਼ ਜੋ ਤੁਹਾਡੀ ਆਰ ਈ ਐੱਸ ਪੀ ਵਾਸਤੇ ਸਹੀ ਹਨ ਉਹਨਾਂ ਨੂੰ ਪਛਾਣਨ ਅਤੇ ਪ੍ਰਬੰਧ ਕਰਨ ਵਿੱਚ ਅਸੀਂ ਤੁਹਾਡੀ ਸਹਾਇਤਾ ਕਰਾਂਗੇ –

- ✔ ਅਸੀਂ ਤੁਹਾਡੇ ਆਰ ਈ ਐੱਸ ਪੀ ਨਿਸ਼ਾਨਿਆਂ ਦਾ ਵਿਸ਼ਲੇਸ਼ਨ ਕਰਾਂਗੇ
- ✔ ਅਸੀਂ ਤੁਹਾਡੇ ਨਿਵੇਸ਼ ਦੀ ਰੂਪ-ਰੇਖਾ ਦੀ ਪਛਾਣ ਕਰਾਂਗੇ
- ✔ ਅਸੀਂ ਇੱਕ ਵਧੀਆ-ਵਿਭਿੰਨਤਾ ਵਾਲਾ ਪੋਰਟਫੋਲੀਓ ਜੋ ਤੁਹਾਡੇ ਨਿਵੇਸ਼ ਦੀ ਰੂਪ-ਰੇਖਾ ਅਤੇ ਨਿਸ਼ਾਨਿਆਂ ਵਾਸਤੇ ਸਹੀ ਹੈ ਉਸਾਰਨ ਵਿੱਚ ਤੁਹਾਡੀ ਸਹਾਇਤਾ ਕਰਾਂਗੇ
- ✔ ਅਸੀਂ ਤੁਹਾਡੇ ਨਿਵੇਸ਼ਾਂ ਨੂੰ ਚਲਾਉਣ, ਸੰਭਾਲਣ ਅਤੇ ਮੁੜ-ਸੰਤੁਲਿਤ ਕਰਨ ਵਿੱਚ ਤੁਹਾਡੀ ਸਹਾਇਤਾ ਕਰਾਂਗੇ





## ਟੀ ਡੀ ਕੈਨੇਡਾ ਟਰੱਸਟ ਜੀ ਆਈ ਸੀਜ਼ (GICs)

ਜਿਹੜੀ ਵੀ ਤੁਹਾਡੀ ਖ਼ਤਰਾ ਸਹਿਣਸ਼ੀਲਤਾ ਹੋਵੇ, ਗਾਰੰਟੀਡ ਇਨਵੈਸਟਮੈਂਟ ਸਰਟੀਫਿਕੇਟਸ (GICs) ਇੱਕ ਵਧੀਆ-ਵਿਭਿੰਨਤਾ ਵਾਲੀ ਆਰ ਈ ਐੱਸ ਪੀ ਦੀ ਰੂਪ-ਰੇਖਾ ਉਸਾਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

ਜੀ ਆਈ ਸੀਜ਼ ਠੋਸ, ਸੁਰੱਖਿਅਤ ਨਿਵੇਸ਼ ਹਨ, ਬਿਨਾਂ ਕਿਸੇ ਹੈਰਾਨੀਆਂ ਦੇ। ਤੁਹਾਡਾ ਮੂਲ ਪੂਰੀ ਤਰ੍ਹਾਂ ਸੁਰੱਖਿਅਤ ਕੀਤਾ ਅਤੇ ਵਿਆਜ ਦਰਾਂ ਗਰੰਟੀਡ ਹੋਣ ਕਰਕੇ, ਜੀ ਆਈ ਸੀਜ਼ ਟਿਕਵਾਂ ਆਰਾਮ, ਭਵਿੱਖਬਾਣੀਯੋਗ ਨਿਵੇਸ਼ ਲਾਭ ਮੁਹੱਈਆ ਕਰਦੀਆਂ ਹਨ।

ਟੀ ਡੀ ਕੈਨੇਡਾ ਟਰੱਸਟ ਜੀ ਆਈ ਸੀਜ਼ ਸ਼ਰਤਾਂ ਦਾ ਇੱਕ ਪੂਰਾ ਦਾਇਰਾ ਵੀ ਅਤੇ ਨਵੀਨਤਾਕਾਰੀ ਲੱਛਣ ਵੀ ਪੇਸ਼ ਕਰਦੀਆਂ ਹਨ ਜਿਹੜੇ ਪ੍ਰੀਮੀਅਮ ਦਰਾਂ ਨੂੰ ਨਿਵੇਸ਼ ਲਚਕਤਾ ਨਾਲ ਜੋੜਦੇ ਹਨ। ਮਾਰਕਿਟ ਗਰੋਥ ਜੀ ਆਈ ਸੀਜ਼[7] (Market Growth GICs) ਤੁਹਾਡੀਆਂ ਚੋਣਾਂ ਵਿੱਚੋਂ ਇੱਕ ਹੈ। ਪ੍ਰਮੁੱਖ ਸਟਾਕ ਮਾਰਕਿਟ ਸੂਚਕਾਂ ਨਾਲ ਜੁੜੇ ਉਨ੍ਹਾਂ ਦੇ ਲਾਭਾਂ ਕਰਕੇ, ਉਹ ਵਾਧਾ ਸੰਭਾਵਨਾ ਮੁਹੱਈਆ ਕਰ ਸਕਦੀਆਂ ਹਨ, ਜਦੋਂ ਕਿ ਉਸੇ ਵਕਤ ਤੁਹਾਡੇ ਮੂਲ ਦੀ ਵੀ ਗਰੰਟੀ ਕਰ ਦਿੰਦੀਆਂ ਹਨ।

ਤੁਹਾਡੀ ਆਰ ਈ ਐੱਸ ਪੀ ਨਿਵੇਸ਼ ਲੋੜਾਂ ਨੂੰ ਪੂਰਾ ਕਰਨ ਲਈ ਅਸੀਂ ਜੀ ਆਈ ਸੀਜ਼ ਨੂੰ ਰਲਾਉਣ ਅਤੇ ਮਿਲਾਉਣ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਾਂ, ਅਤੇ ਤੁਹਾਡੇ ਲਈ ਇੱਕ "ਪੌੜੀ ਲਾਉਣਾ" (ਲੈਡਰਿੰਗ) ਵਿਉਂਤ ਵਿਕਸਤ ਕਰਦੇ ਹਾਂ ਜਿਹੜੀ ਤੁਹਾਡੇ ਸਮੁੱਚੇ ਲਾਭ ਬਿਹਤਰ ਬਣਾ ਅਤੇ ਹੋਰ ਅੱਗੇ ਖ਼ਤਰੇ ਨੂੰ ਘਟਾ ਸਕਦੀ ਹੈ।

### ਪਹਿਲਾਂ ਤੋਂ ਮੰਜ਼ੂਰਸ਼ੁਦਾ ਯੋਗਦਾਨ ਟੀ ਡੀ ਕੈਨੇਡਾ ਟਰੱਸਟ ਜੀ ਆਈ ਸੀਜ਼ ਵਿੱਚ ਨਿਵੇਸ਼ ਕਰਨਾ ਸੁਖਾਲਾ ਬਣਾ ਦਿੰਦੇ ਹਨ

ਜੀ ਆਈ ਸੀਜ਼ ਵੱਲੋਂ ਪੇਸ਼ ਕੀਤੇ ਨਵੀਨਤਾਕਾਰੀ ਲੱਛਣਾਂ ਦੇ ਲਾਭ ਲੈਣ ਲਈ ਪਹਿਲਾਂ ਤੋਂ ਮੰਜ਼ੂਰਸ਼ੁਦਾ ਯੋਗਦਾਨ (Pre-Authorized Contributions) ਸੌਖੇ ਅਤੇ ਆਸਾਨ ਤਰੀਕੇ ਹਨ। ਤੁਸੀਂ ਬਾਕਾਇਦਾ ਆਧਾਰ 'ਤੇ $25 ਜਾਂ ਜ਼ਿਆਦਾ ਯੋਗਦਾਨ ਪਾਉਣਾ ਚੁਣ ਸਕਦੇ ਹੋ, ਅਤੇ ਉਹ ਤੁਹਾਡੀ ਆਰ ਈ ਐੱਸ ਪੀ ਵਿੱਚ ਆਪਣੇ ਆਪ ਹੀ ਤਬਦੀਲ ਕਰ ਦਿੱਤਾ ਜਾਏਗਾ।

## Mutual Funds ਟੀ ਡੀ ਮਿਊਚਲ ਫੰਡਜ਼

ਟੀ ਡੀ ਮਿਊਚਲ ਫੰਡਜ਼[8] (TD Mutual Funds®) ਇੱਕ ਉੱਤਮ ਆਰ ਈ ਐੱਸ ਪੀ ਨਿਵੇਸ਼ ਚੋਣ ਹੋ ਸਕਦੀ ਹੈ ਜੇ ਤੁਸੀਂ ਇੱਕ ਮਜ਼ਬੂਤ ਇਤਿਹਾਸ, ਲੰਬੇ-ਕਾਲ ਨਿਵੇਸ਼ ਕਾਰਗੁਜ਼ਾਰੀ ਵਾਲੇ ਇੱਕ ਮਿਊਚਲ ਫੰਡ ਪਰਿਵਾਰ ਵਿੱਚੋਂ ਸੰਭਾਵੀ ਤੌਰ 'ਤੇ ਉਚੇਰੇ ਲਾਭਾਂ ਦੀ ਭਾਲ ਕਰ ਰਹੇ ਹੋ।

ਤੁਹਾਨੂੰ ਭਿੰਨ ਭਿੰਨ ਕਿਸਮ ਦੇ ਸੰਪਤੀ ਵਰਗਾਂ, ਕਰੰਸੀਆਂ, ਸੈਕਟਰਾਂ, ਭੁਗੋਲਿਕ ਇਲਾਕਿਆਂ ਅਤੇ ਪ੍ਰਬੰਧ ਸ਼ੈਲੀਆਂ ਤੱਕ ਦੀ ਪਹੁੰਚ ਦਿੰਦਿਆਂ, ਕੈਨੇਡਾ ਵਿੱਚ ਸਭ ਤੋਂ ਵੱਡੇ ਅਤੇ ਬਹੁਤ ਹੀ ਵਿਭਿੰਨਤਾ ਵਾਲੇ ਪਰਿਵਾਰ ਵਿੱਚੋਂ ਟੀ ਡੀ ਮਿਊਚਲ ਫੰਡਜ਼ ਇੱਕ ਹੈ। ਤੁਹਾਡੇ ਕੋਲ ਇੱਕ ਟੀ ਡੀ ਮੈਨੇਜਡ ਅਸੈੱਟਸ ਪ੍ਰੋਗਰਾਮ (TD Managed Assets Program®-TD MAP®) ਪੋਰਟਫੋਲੀਓ ਚੋਣ ਵੀ ਹੈ। ਹਰ ਇੱਕ ਟੀ ਡੀ ਐਮ ਏ ਪੀ ਪੋਰਟਫੋਲੀਓ ਮਿਊਚਲ ਫੰਡਾਂ ਦਾ ਇੱਕ ਮਿਸ਼ਰਨ ਹੈ – ਘਰੇਲੂ ਅਤੇ ਵਿਦੇਸ਼ੀ ਨਿਸ਼ਚਿਤ ਆਮਦਨ ਅਤੇ ਇਕਵਿਟੀਜ਼ ਸਮੇਤ – ਤੁਹਾਡੀਆਂ ਵਿਭਿੰਨਤਾਵਾਂ ਨੂੰ ਵੱਧ ਤੋਂ ਵੱਧ ਬਣਾਉਣ ਲਈ।



## ਇੱਕ ਪਹਿਲਾਂ ਤੋਂ ਮੰਜ਼ੂਰਸ਼ੁਦਾ ਖ਼ਰੀਦਦਾਰੀ ਯੋਜਨਾ ਨਾਲ ਟੀ ਡੀ ਮਿਊਚਲ ਫੰਡਜ਼ ਵਿੱਚ ਨਿਵੇਸ਼ ਕਰੋ

ਇੱਕ ਪਹਿਲਾਂ ਤੋਂ ਮੰਜ਼ੂਰਸ਼ੁਦਾ ਖ਼ਰੀਦਦਾਰੀ ਯੋਜਨਾ (Pre-Authorized Purchase Plan) ਨਾਲ, ਤੁਸੀਂ ਥੋੜੇ ਤੋਂ ਥੋੜਾ $25 ਪ੍ਰਤੀ ਫੰਡ ਸ਼ੁਰੂ ਕਰ ਸਕਦੇ ਹੋ, ਅਤੇ ਬਾਕਾਇਦਾ ਤੌਰ 'ਤੇ ਤੁਹਾਡੇ ਬੈਂਕ ਖਾਤੇ ਵਿੱਚੋਂ ਤੁਹਾਡਾ ਯੋਗਦਾਨ ਤੁਹਾਡੀ ਆਰ ਈ ਐੱਸ ਪੀ ਵਿੱਚ ਤਬਦੀਲ ਕਰ ਦਿੱਤਾ ਜਾਇਆ ਕਰੇਗਾ।

ਇੱਕ ਪਹਿਲਾਂ ਤੋਂ ਮੰਜ਼ੂਰਸ਼ੁਦਾ ਖ਼ਰੀਦਦਾਰੀ ਯੋਜਨਾ "ਡਾਲਰ-ਕਾਸਟ-ਐਵਰੇਜਿੰਗ" ਨਾਮਕ ਜੁਗਤ ਦਾ ਆਪਣੇ ਆਪ ਹੀ ਫਾਇਦਾ ਲੈਣ ਵਿੱਚ ਤੁਹਾਡੀ ਸਹਾਇਤਾ ਕਰਦੀ ਹੈ। ਤੁਹਾਡਾ ਲਗਾਤਾਰ ਯੋਗਦਾਨ ਤੁਹਾਡੇ ਮਿਊਚਲ ਫੰਡ ਨਿਵੇਸ਼ ਦੀਆਂ ਜ਼ਿਆਦਾ ਇਕਾਈਆਂ ਖਰੀਦ ਲਏਗਾ ਜਦੋਂ ਕੀਮਤਾਂ ਥੱਲੇ ਹੋਣ, ਅਤੇ ਥੋੜੀਆਂ ਇਕਾਈਆਂ ਜਦੋਂ ਕੀਮਤਾਂ ਉੱਚੀਆਂ ਹਨ। ਇਸ ਦੇ ਨਤੀਜੇ ਵਜੋਂ ਸਮੇਂ ਨਾਲ ਤੁਹਾਡੇ ਮਿਊਚਲ ਫੰਡ ਨਿਵੇਸ਼ ਦੀ ਔਸਤ ਲਾਗਤ ਨੀਵੀਂ ਹੋ ਸਕਦੀ ਹੈ।

### ਤੁਹਾਡੀ ਆਰ ਈ ਐੱਸ ਪੀ ਖੋਲ੍ਹਣ ਲਈ ਮਿਲਾਨ ਸੂਚੀ (Checklist)

ਤੁਸੀਂ ਆਪਣੀ ਆਰ ਈ ਐੱਸ ਪੀ ਖੋਲ੍ਹਣ ਲਈ ਸਾਨੂੰ ਮਿਲਣ ਤੋਂ ਪਹਿਲਾਂ ਥੋੜੀ ਜਿਹੀ ਤਿਆਰੀ ਕਰਕੇ ਸਮੇਂ ਦੀ ਬੱਚਤ ਕਰ ਸਕਦੇ ਹੋ। ਤੁਹਾਨੂੰ ਜ਼ਰੂਰਤ ਹੋਵੇਗੀ –

- ☐ ਲਾਭ-ਪ੍ਰਾਪਤਕਰਤਾ ਦਾ ਸੋਸ਼ਲ ਇਨਸ਼ੋਰੈਂਸ ਨੰਬਰ (ਐੱਸ ਆਈ ਐਨ) ਅਤੇ ਪਤਾ (ਐੱਸ ਆਈ ਐਨ ਅਰਜ਼ੀ ਫਾਰਮ **www.hrsdc.gc.ca** ਤੋਂ ਲਏ ਜਾ ਸਕਦੇ ਹਨ)
- ☐ ਤੁਹਾਡਾ ਐੱਸ ਆਈ ਐਨ ਅਤੇ ਫੋਟੋ ਆਈ ਡੀ
- ☐ ਖਾਤੇ ਬਾਰੇ ਵਿਸਤਾਰ ਜਿਸ ਵਿੱਚੋਂ ਤੁਸੀਂ ਪੈਸੇ ਕਢਾਇਆ ਕਰੋਗੇ ਜੇ ਤੁਸੀਂ ਆਰ ਈ ਐੱਸ ਪੀ ਨੂੰ ਲਗਾਤਾਰ ਯੋਗਦਾਨ ਦੇਣ ਦਾ ਤਰੀਕਾ ਸਥਾਪਤ ਕਰ ਰਹੇ ਹੋ



# 6: ਆਮ ਪੁੱਛੇ ਜਾਂਦੇ ਸਵਾਲ

**1. ਸਵਾਲ** ਕੀ ਹੋਵੇਗਾ ਜੇ ਲਾਭ-ਪ੍ਰਾਪਤਕਰਤਾ ਪੋਸਟ-ਸੈਕੰਡਰੀ ਐਜੂਕੇਸ਼ਨ ਦੀ ਪੜ੍ਹਾਈ ਨਾ ਕਰਨ ਦਾ ਫੈਸਲਾ ਕਰਦਾ ਹੈ ਜਾਂ ਪੈਸਾ ਕਢਾਉਣ ਦੀ ਮੈਨੂੰ ਜ਼ਰੂਰਤ ਹੈ?

**ਜਵਾਬ** ਤੁਹਾਡੇ ਕੋਲ ਬਹੁਤ ਸਾਰੀਆਂ ਚੋਣਾਂ ਹਨ, ਸਮੇਤ –

- ਕਿਸੇ ਦੂਸਰੇ ਯੋਗ ਲਾਭ-ਪ੍ਰਾਪਤਕਰਤਾ ਨੂੰ ਆਰ ਈ ਐੱਸ ਪੀ ਸੰਪਤੀ ਤਬਦੀਲ ਕਰੋ
- ਆਪ ਹੀ ਫੰਡਾਂ ਨੂੰ ਕਢਾ ਲਵੋ (ਤੁਹਾਨੂੰ ਸਰਕਾਰੀ ਗ੍ਰਾਂਟਾਂ ਵਾਪਸ ਅਤੇ ਟੈਕਸ ਅਤੇ ਤੁਹਾਡੇ ਵੱਲੋਂ ਕਢਾਈ ਨਿਵੇਸ਼ ਆਮਦਨ 'ਤੇ ਇੱਕ ਸਰਚਾਰਜ ਅਦਾ ਕਰਨਾ ਪਵੇਗਾ)
- ਨਿਵੇਸ਼ ਆਮਦਨ ਦਾ $50,000 ਤਕ ਯੋਗਦਾਨ ਦੇਣ ਵਾਲੇ ਦੇ ਰੈਗੂਲਰ ਜਾਂ ਰਿਟਾਇਰਮੈਂਟ ਸੇਵਿੰਗਜ਼ ਪਲੈਨ (RSP) ਵਿੱਚ ਤਬਦੀਲ ਕਰ ਦਿਓ ਜੇ ਯੋਗਦਾਨ ਕਰਨ ਦੀ ਕਾਫੀ ਗੁਜਾਇਸ਼ ਹੈ

ਇਨ੍ਹਾਂ ਸਭ ਚੋਣਾਂ 'ਤੇ ਸ਼ਰਤਾਂ ਲੱਗਦੀਆਂ ਹਨ, ਇਸ ਲਈ ਕਿਰਪਾ ਕਰਕੇ ਸਾਨੂੰ ਵਿਸਤਾਰ ਲਈ ਪੁੱਛੋ

**2. ਸਵਾਲ** ਕੀ ਮੈਂ ਆਰ ਈ ਐੱਸ ਪੀਜ਼ ਵਿੱਚ ਫੰਡਾਂ ਨੂੰ ਤਬਦੀਲ ਕਰ ਸਕਦਾ ਹਾਂ?

**ਜਵਾਬ** ਹਾਂ, ਖਾਸ ਸ਼ਰਤਾਂ ਅਧੀਨ ਆਰ ਈ ਐੱਸ ਪੀਜ਼ ਵਿਚਾਲੇ ਤਬਦੀਲੀ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਵਿਸਤਾਰ ਲਈ ਸਾਨੂੰ ਪੁੱਛੋ।

**3. ਸਵਾਲ** ਕਿੰਨੇ ਸਮੇਂ ਵਿੱਚ ਮੇਰੇ ਬੱਚੇ ਨੂੰ ਫੈਸਲਾ ਕਰਨਾ ਪਏਗਾ ਕਿ ਕੀ ਉਸ ਨੇ ਪੋਸਟ-ਸੈਕੰਡਰੀ ਐਜੂਕੇਸ਼ਨ ਅੱਗੇ ਕਰਨੀ ਹੈ ਜਾਂ ਨਹੀਂ?

**ਜਵਾਬ** ਤੁਹਾਡੇ ਬੱਚੇ ਨੂੰ ਇੱਕ ਦਮ ਹਾਈ ਸਕੂਲ ਪਿੱਛੋਂ ਕਾਲਜ ਜਾਂ ਯੂਨੀਵਰਸਿਟੀ ਵਿੱਚ ਹਾਜ਼ਰ ਹੋਣ ਦੀ ਲੋੜ ਨਹੀਂ ਹੋਵੇਗੀ; ਫਿਰ ਵੀ, ਜਿਸ ਸਾਲ ਵਿੱਚ ਯੋਜਨਾ ਸਥਾਪਤ ਕੀਤੀ ਗਈ ਸੀ ਉਸ ਦੇ ਅਗਲੇ 25ਵੇਂ ਸਾਲ ਵਿੱਚ ਇੱਕ ਆਰ ਈ ਐੱਸ ਪੀ ਨੂੰ ਬਰਖਾਸਤ ਕਰਨਾ ਜ਼ਰੂਰੀ ਹੋਵੇਗਾ।



# 7: ਆਰ ਈ ਐੱਸ ਪੀ ਦੀਆਂ ਕੁਝ ਸਹਾਈ ਪਰਿਭਾਸ਼ਾਵਾਂ

**ਲਾਭ-ਪ੍ਰਾਪਤਕਰਤਾ (Beneficiary):** ਇਹ ਉਹ ਆਦਮੀ ਹੁੰਦਾ ਹੈ ਜਿਸ ਨੂੰ ਆਰ ਈ ਐੱਸ ਪੀ ਦਾ ਲਾਭ ਲੈਣ ਲਈ ਨਾਮਜ਼ਦ ਕੀਤਾ ਗਿਆ ਹੈ। ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਸੀ ਈ ਐੱਸ ਜੀ ਲੈਣ ਲਈ, ਇਹ ਲਾਭ-ਪ੍ਰਾਪਤਕਰਤਾ ਕੈਨੇਡਾ ਦਾ ਵਾਸੀ ਹੋਣਾ ਚਾਹੀਦਾ ਹੈ ਅਤੇ ਉਸ ਕੋਲ ਸੋਸ਼ਲ ਇੰਸ਼ੋਰੈਂਸ ਨੰਬਰ ਜ਼ਰੂਰ ਹੋਣਾ ਚਾਹੀਦਾ ਹੈ।

**ਯੋਗਦਾਨ (Contributions):** ਇਹ ਉਹ ਪੈਸਾ ਹੈ ਜੋ ਗਾਹਕ ਵੱਲੋਂ ਆਰ ਈ ਐੱਸ ਪੀ ਵਿੱਚ ਜਮ੍ਹਾਂ ਕਰਾਇਆ ਜਾਂਦਾ ਹੈ।

**ਸਾਂਝਾ-ਗਾਹਕ (Joint Subscriber):** ਗਾਹਕ ਵੱਲੋਂ ਸਥਾਪਤ ਕੀਤੀ ਗਈ ਕਿਸੇ ਆਰ ਈ ਐੱਸ ਪੀ ਵਿੱਚ ਇਹ ਵਿਅਕਤੀ ਇੱਕ ਸਹਿ-ਯੋਗਦਾਨਕਰਤਾ (ਕੋ-ਕੰਟਰੀਬਿਊਟਰ) ਹੁੰਦਾ ਹੈ। ਸਾਂਝਾ-ਗਾਹਕ ਹੋਣ ਲਈ, ਇਹ ਵਿਆਕਤੀ ਗਾਹਕ ਦਾ ਮੰਗੇਤਰ ਜਾਂ ਕਾਮਨ-ਲਾਅ ਸਾਥੀ ਜ਼ਰੂਰ ਹੋਣਾ ਚਾਹੀਦਾ ਹੈ।

**ਗਾਹਕ (Subscriber):** ਇਹ ਉਹ ਆਦਮੀ ਹੁੰਦਾ ਹੈ ਜਿਹੜਾ ਲਾਭ-ਪ੍ਰਾਪਤਕਰਤਾ ਵਾਸਤੇ ਇੱਕ ਆਰ ਈ ਐੱਸ ਪੀ ਖੋਲ੍ਹਦਾ ਅਤੇ ਯੋਗਦਾਨ ਦਿੰਦਾ ਹੈ।

## ਤੁਹਾਡੇ ਬੱਚੇ ਦਾ ਭਵਿੱਖ ਬੜਾ ਮਹੱਤਵਪੂਰਨ ਹੈ, ਅਤੇ ਬੱਚਤ ਨੂੰ ਸ਼ੁਰੂ ਕਰਨਾ ਬੜਾ ਆਸਾਨ ਹੈ।

### ਸਾਡੇ ਨਾਲ ਅੱਜ ਹੀ ਗੱਲ ਕਰੋ। ਅਸੀਂ ਤੁਹਾਡੀ ਸਹਾਇਤਾ ਕਰਾਂਗੇ –

- ਅੰਦਾਜ਼ਾ ਲਾਓ ਤੁਹਾਨੂੰ ਕਿੰਨੀ ਬੱਚਤ ਕਰਨ ਦੀ ਲੋੜ ਹੈ
- ਯੋਗਦਾਨ ਦੀ ਇੱਕ ਸੂਚੀ ਬਣਾਓ ਜੋ ਤੁਹਾਡੇ ਬੱਜਟ ਨਾਲ ਢੁਕਦੀ ਹੈ
- ਜੇ ਜ਼ਰੂਰੀ ਹੋਵੇ ਤਾਂ ਆਰ ਈ ਐੱਸ ਪੀ ਕਰਜੇ ਲਈ ਅਰਜ਼ੀ ਦਿਓ ਤਾਂ ਜੋ ਸ਼ੁਰੂ ਕਰਨ ਵਿੱਚ ਤੁਹਾਨੂੰ ਸਹਾਇਤਾ ਮਿਲ ਸਕੇ
- ਨਿਰਣਾ ਕਰੋ ਕੀ ਤੁਹਾਡੇ ਲਈ ਇੱਕ ਵਿਅਕਤੀਗੱਤ ਜਾਂ ਪਰਿਵਾਰਕ ਯੋਜਨਾ ਸਹੀ ਹੈ
- ਨਿਵੇਸ਼ਾਂ ਦੀ ਚੋਣ ਕਰੋ ਜੋ ਤੁਹਾਡੇ ਲਈ ਸਹੀ ਹਨ
- ਗ੍ਰਾਂਟਾਂ ਲਵੋ ਜਿਨ੍ਹਾਂ ਲਈ ਤੁਸੀਂ ਯੋਗ ਹੋ

**ਹੋਰ ਜਾਣਕਾਰੀ ਲਈ, 1-877-483-8055 'ਤੇ ਫੋਨ ਕਰੋ ਜਾਂ ਕਿਸੇ ਟੀ ਡੀ ਕੈਨੇਡਾ ਟਰੱਸਟ ਬ੍ਰਾਂਚ ਵਿੱਚ ਆਓ।**

**ਤੁਸੀਂ www.tdcanadatrust.com ਤੋਂ ਹੋਰ ਜਾਣਕਾਰੀ ਵੀ ਲੈ ਸਕਦੇ ਹੋ**





ਇਹ ਬਰੋਸ਼ਰ ਕੇਵਲ ਜਾਣਕਾਰੀ ਦੇਣ ਦੇ ਮੰਤਵਾਂ ਲਈ ਉਪਲਬਧ ਕੀਤਾ ਗਿਆ ਹੈ। ਇਸ ਦਾ ਵਿਅਕਤੀਗੱਤ ਵਿੱਤੀ, ਟੈਕਸ ਜਾਂ ਨਿਵੇਸ਼ ਸਲਾਹ ਦੇਣ ਦਾ ਮਨਸ਼ਾ ਨਹੀਂ ਹੈ।

1 ਫੈਡਰਲ ਜਾਂ ਲਾਗੂਯੋਗ ਪ੍ਰੋਵਿਨਸ਼ਲ ਸਰਕਾਰ ਵਲੋਂ ਗ੍ਰਾਂਟਾਂ ਦੀਆਂ ਸ਼ਰਤਾਂ ਅਤੇ ਹਾਲਤ ਕਿਸੇ ਵਕਤ ਵੀ ਬਦਲ ਜਾਣ ਅਧੀਨ ਹਨ।

2 ਟੀ ਡੀ ਮਿਉਚੱਲ ਫੰਡਜ਼ ਐਜੂਕੇਸ਼ਨ ਸੇਵਿੰਗਜ਼ ਪਲੈਨ (TD Mutual Funds Education Savings Plan) ਕੇਵਲ ਬੁਨਿਆਦੀ ਕੈਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ (Canada Education Savings Grant) ਦਾ ਹੀ ਸਹਿਯੋਗ ਕਰਦਾ ਹੈ, ਕਿਸੀ ਹੋਰ ਸਰਕਾਰੀ ਗ੍ਰਾਂਟ ਦਾ ਨਹੀਂ।

3 ਇਥੇ ਦੱਸੇ ਗਏ ਆਦਮੀ ਅਤੇ ਸਥਿੱਤੀਆਂ ਬਣਾਉਟੀ ਹਨ ਅਤੇ ਹਾਲਾਤ ਉਤਪਾਦਾਂ ਅਤੇ ਦਰਸਾਈਆਂ ਗਈਆਂ ਜੁਗਤਾਂ ਦੀਆਂ ਵਿਸ਼ੇਸ਼ਤਾਵਾਂ 'ਤੇ ਜ਼ੋਰ ਦਿੰਦੇ ਹਨ।

4 ਟੀ ਡੀ ਕੈਨੇਡਾ ਟਰੱਸਟ ਐਜੂਕੇਸ਼ਨ ਸੇਵਿੰਗਜ਼ ਪਲੈਨ (TD Canada Trust Education Savings Plan) ਦਾ ਟੋਰਾਂਟੋ-ਡੋਮਿਨੀਅਨ ਬੈਂਕ (The Toronto-Dominion Bank) ਉਤਸ਼ਾਹਕ ਹੈ।

5 ਟੀ ਡੀ ਮਿਊਚਲ ਫੰਡਜ਼ ਐਜੂਕੇਸ਼ਨ ਸੇਵਿੰਗਜ਼ ਪਲੈਨ (TD Mutual Funds Education Savings Plan) ਦਾ ਟੀ ਡੀ ਅਸੈੱਟ ਮੈਨੇਜਮੈਂਟ ਇੰਕ. (TD Asset Management Inc.) ਉਤਸ਼ਾਹਕ ਹੈ।

6 ਟੀ ਡੀ ਕੈਨੇਡਾ ਟਰੱਸਟ ਮਾਰਕਿਟ ਗਰੋਥ ਜੀ ਆਈ ਸੀਜ਼ (TD Canada Trust Market Growth GICs) 'ਤੇ ਲਾਗੂ ਨਹੀਂ ਹੁੰਦਾ, ਜਿਸਦਾ ਕੇਵਲ ਮੂਲ ਹੀ ਗਰੰਟੀਸ਼ੁਦਾ ਹੁੰਦਾ ਹੈ।

7 ਲਾਭ ਦੀ ਗਣਨਾ ਪ੍ਰਤੀਸ਼ਤ ਵਾਧੇ, ਜੇ ਕੋਈ ਹੋਵੇ, ਨਿਵੇਸ਼ ਦੇ ਕਾਲ ਦੌਰਾਨ ਬੁਨਿਆਦੀ ਸੂਚਕ ਜਾਂ ਸੂਚਕਾਂ, 'ਤੇ ਆਧਾਰਤ ਕਰਕੇ ਕੀਤੀ ਜਾਂਦੀ ਹੈ, ਵੱਧ ਤੋਂ ਵੱਧ ਲਾਭ ਦੀ ਸ਼ਰਤ ਅਧੀਨ। ਖਰੀਦ ਮਿਤੀ ਨੂੰ ਵੱਧ ਤੋਂ ਵੱਧ ਲਾਭ ਤਹਿ ਕਰ ਲਿਆ ਜਾਂਦਾ ਹੈ, ਅਤੇ ਨਿਵੇਸ਼ 'ਤੇ ਕਮਾਏ ਜਾ ਸਕਣ ਵਾਲੇ ਸਭ ਤੋਂ ਉੱਚੇ ਲਾਭ ਦੀ ਨੁਮਾਇੰਦਗੀ ਕਰਦਾ ਹੈ। ਸਾਡੀ ਮਾਰਕਿਟ ਗਰੋਥ ਜੀ ਆਈ ਸੀਜ਼, ਸਮੇਤ ਵਿਆਜ ਗਣਨਾ ਅਤੇ ਸੂਚਕਾਂ ਜਿੰਨ੍ਹਾਂ ਨਾਲ ਇਨ੍ਹਾਂ ਜੀ ਆਈ ਸੀਜ਼ 'ਤੇ ਲਾਭਾਂ ਨੂੰ ਜੋੜਿਆ ਜਾਂਦਾ ਹੈ, ਕਿਸੇ ਵੀ ਟੀ ਡੀ ਕੈਨੇਡਾ ਟਰੱਸਟ ਬ੍ਰਾਂਚ ਤੋਂ ਉਪਲਬਧ ਹਨ।

8 ਸਾਰੇ ਕਮਿਸ਼ਨ, ਟਰੇਲਿੰਗ ਕਮਿਸ਼ਨ, ਪ੍ਰਬੰਧ ਫੀਸਾਂ ਅਤੇ ਖ਼ਰਚੇ ਮਿਊਚਲ ਫੰਡ ਨਿਵੇਸ਼ਾਂ ਨਾਲ ਸੰਬੰਧਤ ਹੋ ਸਕਦੇ ਹਨ। ਕਿਰਪਾ ਕਰਕੇ ਨਿਵੇਸ਼ ਕਰਨ ਤੋਂ ਪਹਿਲਾਂ ਪ੍ਰਾਸਪੈਕਟਸ ਨੂੰ ਧਿਆਨ ਨਾਲ ਪੜ੍ਹੋ, ਜਿਸ ਵਿੱਚ ਵਿਸਤਾਰਤ ਨਿਵੇਸ਼ ਜਾਣਕਾਰੀ ਹੈ। ਮਿਊਚਲ ਫੰਡ ਗਰੰਟੀਡ ਜਾਂ ਇਨਸ਼ੋਰਡ ਨਹੀਂ ਹਨ, ਇਹਨਾਂ ਦੇ ਮੁੱਲ ਬਹੁਤ ਵਾਰੀ ਬਦਲਦੇ ਰਹਿੰਦੇ ਹਨ ਅਤੇ ਪਿਛਲੀ ਕਾਰਗੁਜ਼ਾਰੀ ਸ਼ਾਇਦ ਦੁਹਰਾਈ ਨਾ ਜਾ ਸਕੇ। ਟੀ ਡੀ ਮਿਊਚਲ ਫੰਡਜ਼ (TD Mutual Funds) ਅਤੇ ਟੀ ਡੀ ਮੈਨੇਜਡ ਅਸੈੱਟਸ ਪ੍ਰੋਗਰਾਮ (TD Managed Assets Program) ਟੀ ਡੀ ਅਸੈੱਟ ਮੈਨੇਜਮੈਂਟ ਇੰਕ. ਵੱਲੋਂ ਪ੍ਰਬੰਧ ਕੀਤੇ ਜਾਂਦੇ ਹਨ, ਜੋ ਟੋਰਾਂਟੋ-ਡੋਮਿਨੀਅਨ ਬੈਂਕ ਦੀ ਪੂਰੀ ਮਲਕੀਅਤ ਵਾਲੀ ਦੀ ਸਹਾਇਕ। ਟੀ ਡੀ ਇਨਵੈਸਟਮੈਂਟ ਸਰਵਿਸਿਜ ਇੰਕ. (TD Investment Services Inc.), (ਪ੍ਰਿੰਸੀਪਲ ਡਿਸਟਰੀਬਿਊਟਰ), ਟੀ ਡੀ ਵਾਟਰਹਾਊਸ ਕੈਨੇਡਾ ਇੰਕ. (TD Waterhouse Canada Inc.) (ਮੈਂਬਰ ਸੀ ਆਈ ਪੀ ਐੱਫ਼-CIPF) ਅਤੇ ਆਜ਼ਾਦ ਡੀਲਰਾਂ ਰਾਹੀਂ ਉਪਲਬਧ। ਮਿਊਚਲ ਫੰਡਜ਼ ਨੁਮਾਇੰਦੇ ਸਮੇਤ ਟੀ ਡੀ ਇਨਵੈਸਟਮੈਂਟ ਸਰਵਿਸਿਜ਼ ਇੰਕ. ਟੀ ਡੀ ਕੈਨੇਡਾ ਟਰੱਸਟ ਵਿਖੇ ਮਿਊਚਲ ਫੰਡਾਂ ਨੂੰ ਵੰਡਦੇ ਹਨ।

® ਟੋਰਾਂਟੋ-ਡੋਮਿਨੀਅਨ ਬੈਂਕ ਦਾ ਟਰੇਡਮਾਰਕ ਹੈ।

# ਆਪਣੀ ਟੀ ਡੀ ਕੈਨੇਡਾ ਟਰੱਸਟ ਬ੍ਰਾਂਚ ਵਿੱਚ ਅੱਜ ਹੀ ਇੱਕ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲੈਨ ਖੋਲ੍ਹੋ

ਹੋਰ ਜਾਣਕਾਰੀ ਲਈ,
1-877-483-8055 'ਤੇ ਫੋਨ ਕਰੋ ਜਾਂ
www.tdcanadatrust.com 'ਤੇ ਜਾਓ

TD Canada Trust ਟੀ ਡੀ ਕੈਨੇਡਾ ਟਰੱਸਟ

Printed on recycled paper

528298(0208)